# ਅਮਰੀਕਾ ਵਿਚ `ਅੱਕੂਪਾਈ` ਲਹਿਰ ਤੇਜ਼ ਹੋ ਰਹੀ ਹੈ

ਤਾਜ਼ੀਆਂ ਖ਼ਬਰਾਂ ਮੁਤਾਬਿਕ ਅਮਰੀਕਾ ਦੇ 2282 ਥਾਂਵਾਂ ਤੇ ਗਰੀਬੀ ਅਤੇ ਬੇਰੁਜ਼ਗਾਰੀ ਖ਼ਿਲਾਫ਼ ਲੋਕਾਂ ਨੇ ਧਰਨੇ ਦੇ ਰਹੇ ਹਨ ਅਤੇ ਤੰਬੂ ਗੱਡ ਦਿੱਤੇ ਗਏ ਹਨ। ਹਜ਼ਾਰਾਂ ਹੀ ਲੋਕ ਇਨ੍ਹਾਂ ਤੰਬੂਆਂ ਵਿਚ ਇਕੱਠੇ ਹੋਕੇ ਆਪਣੇ ਹਾਲਾਤ ਬਾਰੇ ਅਤੇ ਉਨ੍ਹਾਂ ਨੂੰ ਬਦਲਣ ਲਈ ਵਿਚਾਰ ਵਟਾਂਦਰਾ ਕਰ ਰਹੇ ਹਨ। ਓਕਲੈਂਡ ਕੈਲੀਫੋਰਨੀਆ ਵਿਚ ਪੁਲੀਸ ਨੇ ਬਹੁਤ ਹੀ ਵਹਿਸ਼ੀ ਤਰੀਕੇ ਨਾਲ ਸਵੇਰੇ ੪ ਵਜੇ ਲੋਕਾਂ ਦੇ ਤੰਬੂਆਂ ਤੇ ਹਮਲਾ ਕਰ ਦਿਤਾ ਅਤੇ ਉਨ੍ਹਾਂ ਤੇ  ਅਥਰੂ ਗੈਸ ਦੇ ਗੋਲਿਆਂ ਦੀ ਬਾਰਿਸ਼ ਕਰ ਦਿਤੀ। ਪਰ ਲੋਕਾਂ ਨੇ ਹੌਸਲਾ ਨਹੀਂ ਹਾਰਿਆ ਅਤੇ ਉਹ ਬੜੀ ਦਲੇਰੀ ਨਾਲ ਪੁਲੀਸ ਦਾ ਤਸ਼ੱਦਦ ਬਰਦਾਸ਼ਤ ਕਰਦੇ ਰਹੇ। ਇਸ ਤਸ਼ੱਦਦ ਨੇ ਅਮਰੀਕਾ ਦੇ ਹੋਰਨਾਂ ਇਲਾਕਿਆਂ ਵਿਚ ਆਮ ਲੋਕਾਂ ਵਿਚ ਗੁੱਸਾ ਭਰ ਦਿਤਾ ਹੈ। ਲੋਕ ਕਹਿ ਰਹੇ ਹਨ ਕਿ ਇਹ ਕਿਹੋ ਜਿਹੀ ਜਮਹੂਰੀਅਤ ਹੈ ਜਿਸ ਵਿਚ ਲੋਕ ਇਕੱਠੇ ਹੋਕੇ ਵਿਚਾਰ ਵਟਾਂਦਰਾ ਵੀ ਨਹੀਂ ਕਰ ਸਕਦੇ।

ਹਾਕਮ ਟੋਲੇ ਨੂੰ ਇਸ ਗੱਲ ਤੋਂ ਬਹੁਤ ਹੀ ਖ਼ਤਰਾ ਜਾਪਦਾ ਹੈ। ਉਨ੍ਹਾਂ ਦੀ ਕੋਸ਼ਿਸ਼ ਹਮੇਸ਼ਾ ਹੀ ਰਹੀ ਹੈ ਕਿ ਲੋਕ ਇਕੱਠੇ ਹੋ ਕੇ ਆਪਸ ਵਿਚ ਵਿਚਾਰ ਵਟਾਂਦਰਾ ਨਾ ਕਰ ਸਕਣ। ਇਸ ਲਈ ਅਮਰੀਕਾ ਵਿਚ ਲੋਕ ਥਾਂਵਾਂ ਬਹੁਤ ਘੱਟ ਹਨ ਜਿੱਥੇ ਆਮ ਲੋਕੀ ਇਕੱਠੇ ਹੋਕੇ ਗੱਲਬਾਤ ਕਰ ਸਕਣ। ਹਰ ਥਾਂ ਵਡੇਰੇ ਅਤੇ ਅਜਾਰੇਦਾਰਾਂ ਦੇ ਕਬਜ਼ੇ ਵਿਚ ਹੈ।

ਨਿਊਯਾਰਕ ਦੇ ਜ਼ੁਕੋਟੀ ਪਾਰਕ ਵਿਚ ਵੀ ਪੁਲੀਸ ਨੇ ਧਮਕੀ ਦਿੱਤੀ ਸੀ ਕਿ ਇਹ ਇਕ ਪ੍ਰਾਈਵੇਟ ਕੰਪਨੀ ਦੀ ਮਾਲਕੀਅਤ ਹੈ ਜਿਸਨੇ ਲੋਕਾਂ ਦੇ ਇਸਤੇਮਾਲ ਲਈ ਇਹ ਪਾਰਕ ਦਿਤਾ ਹੈ ਅਤੇ `ਅੱਕੂਪਾਈ ਵਾਲਸਟਰੀਟ` ਵਾਲੇ ਲੋਕ ਕਾਨੂੰਨ ਭੰਗ ਕਰ ਰਹੇ ਹਨ। ਪਰ ਲੋਕਾਂ ਦੇ ਰੋਸ ਦੇ ਬਾਅਦ ਪੁਲੀਸ ਨੇ ਇਸ ਪਾਰਕ ਨੂੰ ਖਾਲੀ ਕਰਵਾਉਣ ਦੀ ਗੱਲ ਫਿਲਹਾਲ ਛੱਡ ਦਿਤੀ ਹੈ।

ਨਿਊਯਾਰਕ ਸਟੇਟ ਦੀ ਰਾਜਧਾਨੀ ਅਲਬਨੀ ਵਿਚ ਵੀ ਸ਼ਹਿਰ ਦੇ ਮੇਅਰ ਨੇ ਪੁਲੀਸ ਨੂੰ ਅੱਕੂਪਾਈ ਅਲਬਨੀ ਦੇ ਤੰਬੂ ਪੁੱਟਣ ਦਾ ਹੁਕਮ ਦਿਤਾ ਸੀ ਪਰ ਪੁਲੀਸ ਨੇ ਉਸ ਹੁਕਮ ਨੂੰ ਮੰਨਣ ਤੋਂ ਇਨਕਾਰ ਕਰ ਦਿਤਾ ਅਤੇ ਕਿਹਾ ਕਿ ਇਹ ਲੋਕ ਕੋਈ ਗੈਰ-ਕਾਨੂੰਨੀ ਗੱਲ ਨਹੀਂ ਕਰ ਰਹੇ ਹਨ।

ਇਸੇ ਤਰਾਂ ਸੈਂਕੜੇ ਹੀ ਥਾਂਵਾਂ ਤੇ ਰਿਪਬਲੀਕਨ ਅਤੇ ਡੈਮੋਕਰੈਟਿਕ ਪਾਰਟੀਆਂ ਦੀਆਂ ਲੋਕਲ ਸਰਕਾਰਾਂ  ਅੱਕੂਪਾਈ ਲਹਿਰ ਨੂੰ ਦਬਾਉਣ ਦੇ ਹਰਬੇ ਵਰਤ ਰਹੀਆਂ ਹਨ ਪਰ ਆਮ ਲੋਕਾਂ ਦੀ ਇਸ ਲਹਿਰ ਵਿਚ ਸ਼ਿਰਕਤ ਅਤੇ ਹਮਦਰਦੀ ਉਨ੍ਹਾਂ ਦਾ ਰਾਹ ਰੋਕ ਰਹੀ ਹੈ।

ਇੰਜ ਜਾਪਦਾ ਹੈ ਕਿ ਅਮਰੀਕਨ ਲੋਕਾਂ ਨੂੰ ਆਪਣੇ ਹਾਲਾਤ ਬਾਰੇ ਗੱਲਬਾਤ ਕਰਨ ਅਤੇ ਇਸ ਨੂੰ ਜ਼ਾਹਰ ਕਰਨ ਦਾ ਤਰੀਕਾ ਲੱਭ ਗਿਆ ਹੈ। ਸਿਆਸੀ ਪ੍ਰਣਾਲੀ, ਮੀਡੀਆ ਅਤੇ ਹੋਰ ਅਦਾਰਿਆਂ ਨੇ ੯੯ ਫ਼ੀ ਸਦੀ ਲੋਕਾਂ ਨੂੰ ਆਪਣੇ ਹਾਲਾਤ ਬਾਰੇ ਵਿਚਾਰ ਵਟਾਂਦਰਾ ਕਰਨ ਤੋਂ ਵਾਂਝੇ ਰਖਿਆ ਹੋਇਆ ਹੈ। ਹੁਣ ਉਨ੍ਹਾਂ ਨੇ ਇਨ੍ਹਾਂ ਧਰਨਿਆਂ ਰਾਹੀਂ ਆਪਣੀ ਗੱਲ ਕਰਨ ਦਾ ਤਰੀਕਾ ਲੱਭ ਰਿਹਾ ਹੈ।

ਹਾਕਮ ਟੋਲਾ ਅਤੇ ਉਨ੍ਹਾਂ ਦੇ ਨੁਮਾਇੰਦੇ ਰੌਲਾ ਪਾ ਰਹੇ ਹਨ ਕਿ ਤੁਹਾਡੀਆਂ ਮੰਗਾਂ ਕੀ ਹਨ? ਪਰ  ਅੱਕੂਪਾਈ ਲਹਿਰ ਵਾਲੇ ਕਹਿੰਦੇ ਹਨ ਕਿ ਫਿਲਹਾਲ ਅਸੀਂ ਆਪਸ ਵਿਚ ਗੱਲਬਾਤ ਅਤੇ  ਵਿਚਾਰ ਵਟਾਂਦਰਾ ਕਰ ਰਹੇ ਹਾਂ ਕਿ ਕੀ ਕਰਨ ਦੀ ਲੋੜ ਹੈ? ਇਸ ਗੱਲਬਾਤ ਵਿਚ  ਸਮਾਂ ਲੱਗੇਗਾ ਅਤੇ ਅਸੀਂ ਕਿਸੇ ਕਾਹਲੀ ਵਿਚ ਨਹੀਂ ਹਾਂ। ਆਪਣੇ ਤੰਬੂਆਂ ਵਿਚ ਉਨ੍ਹਾਂ ਨੇ ਵੱਖ ਵੱਖ ਕਮੇਟੀਆਂ ਬਣਾਈਆਂ ਹੋਈਆਂ ਹਨ ਜੋ ਉਨ੍ਹਾਂ ਦੀਆਂ ਰੋਜ਼ ਦੀਆਂ ਲੋੜਾਂ ਪੂਰੀਆਂ ਕਰਨ ਦੀਆਂ ਤਜਵੀਜ਼ਾਂ ਬਣਾਉਂਦੀਆਂ ਹਨ। ਇਹ ਸਾਰੀਆਂ ਤਜਵੀਜ਼ਾਂ ਜਨਰਲ ਅਸੰਬਲੀ ਜੋ ਕਿ ਸਾਰੇ ਲੋਕਾਂ ਦਾ ਇਕੱਠ ਹੁੰਦਾ ਹੈ ਉਸ ਵਿਚ ਰੱਖੀਆਂ ਜਾਂਦੀਆਂ ਹਨ ਅਤੇ ਇਸ ਇਕੱਠ ਹਰੇਕ ਨੂੰ ਬੇਝਿਜਕ ਆਪਣੀ ਰਾਏ ਦੇਣ ਦਾ ਹੱਕ ਹੈ ਅਤੇ ਫੈਸਲੇ ਸਾਰਿਆਂ ਦੇ ਸਾਮ੍ਹਣੇ ਉਥੇ ਹੀ ਕੀਤੇ ਜਾਂਦੇ ਹਨ। ਹਰ ਰੋਜ਼ ਉਥੇ ਅੱਜ ਦੇ ਭਖਦੇ ਮਸਲਿਆਂ ਤੇ ਬਹਿਸ ਮੁਬਾਹਸਾ ਅਤੇ ਵਿਚਾਰ ਵਟਾਂਦਰਾ ਕੀਤਾ ਜਾਂਦਾ ਹੈ। ਹਰ ਰੋਜ਼ ਕੋਈ ਨਾ ਕੋਈ ਮਸ਼ਹੂਰ ਦਾਨਿਸ਼ਵਰ ਉਥੇ ਗੱਲਬਾਤ ਕਰਨ ਲਈ ਆਉਂਦਾ ਰਹਿੰਦਾ ਹੈ। ਲੋਕ ਆਪਣੇ ਹਾਲਾਤ ਬਿਹਤਰ ਕਰਨ ਲਈ ਗੱਲਬਾਤ ਕਰਦੇ ਰਹਿੰਦੇ ਹਨ। ਹਰ ਰੋਜ਼ ਦਾ ਪ੍ਰੋਗਰਾਮ ਉਲੀਕਿਆ ਜਾਂਦਾ ਹੈ ਅਤੇ ਇੰਟਰਨੈੱਟ ਤੇ ਪਾ ਦਿਤਾ ਜਾਂਦਾ ਹੈ ਅਤੇ ਇਸ ਬਾਰੇ ਕੋਈ ਵੀ ਰਾਏ ਦੇ ਸਕਦਾ ਹੈ ਅਤੇ ਇਸ ਵਿਚ ਹਿੱਸਾ ਪਾ ਸਕਦਾ ਹੈ।